# ਦਫਤਰ ਡਾਇਰੈਕਟਰ ਸਿੱਖਿਆ(ਸੈ.ਸਿ), ਪੰਜਾਬ

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ)

## ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਅਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਲੈਕਚਰਾਰ ਕਾਡਰ (ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਵੱਖ-ਵੱਖ ਵਿਸ਼ਿਆ ਦੀਆਂ ਅਸਾਮੀਆ ਭਰਤੀ ਲਈ ਮਿਤੀ 01.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ। ਇਨ੍ਹਾਂ ਅਸਾਮੀਆ ਲਈ ਜਿਹਨਾ ਉਮੀਦਵਾਰਾ ਨੇ ਅਪਲਾਈ ਕੀਤਾ ਸੀ। ਇਨ੍ਹਾਂ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆ ਗਈਆ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਜਿਨ੍ਹਾਂ ਉਮੀਦਵਾਰਾਂ ਨੂੰ **Sociology, Commerce, Math ਅਤੇ Chemistry** ਵਿਸ਼ੇ ਵਿੱਚ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਹੁਣ ਵਿਭਾਗ ਵੱਲੋਂ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

3.0 ਇਨ੍ਹਾਂ ਵਿਸ਼ਿਆ ਦੇ ਨਵ-ਨਿਯੁਕਤ ਲੈਕਚਰਾਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਹੇਠ ਲਿਖਿਆ ਕੈਟਾਗਰੀਆ ਨੂੰ ਪ੍ਰਾਥਮਿਕਤਾ ਦੇਣ ਦੀ ਤਜਵੀਜ ਹੈ:-

1. ਵਿਧਵਾ ਕੇਸ।
2. ਕੈਂਸਰ ਦੇ ਮਰੀਜ, ਖਰਾਬ ਕਿਡਨੀ ਦੇ ਮਰੀਜ (ਖੁਦ ਅਧਿਆਪਕ ਜ਼ੋ ਡਾਇਲਸਿਸ ਤੇ ਹੋਣ)।
3. ਜਿਨ੍ਹਾਂ ਦੇ ਬੱਚੇ 60 ਪ੍ਰਤੀਸ਼ਤ ਤੋਂ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋਂ ਪੀੜਿਤ ਹੋਣ।

4.0 ਜ਼ੋ ਲੈਕਚਰਾਰ ਉਪਰੋਕਤ ਕੈਟਾਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟਾਗਰੀ ਦੇ ਨਾਲ ਸਬੰਧਤ ਦਸਤਾਵੇਜ਼, ਸਮੇਤ ਨਿਯੁਕਤੀ ਪੱਤਰ ਦੀ ਕਾਪੀ ਇਕ ਪੀ.ਡੀ.ਐਫ. ਤਿਆਰ ਕਰਕੇ ਈ-ਮੇਲ ਆਈ.ਡੀ. **lecturer569@gmail.com** ਮਿਤੀ 30.08.2021 ਨੂੰ ਸ਼ਾਮ 8.00 ਵੱਜੇ ਤੱਕ ਭੇਜਣਗੇ। ਈ-ਮੇਲ ਦੇ ਸਬਜੈਕਟ ਵਿੱਚ ਆਪਣਾ ਲੈਕਚਰਾਰ ਕਾਡਰ ਦਾ ਵਿਸ਼ਾ ਵੀ ਦਰਜ ਕਰੋਗੇ। ਇਸ ਉਪਰੰਤ ਪ੍ਰਾਪਤ ਹੋਣ ਵਾਲੀ ਈ-ਮੇਲ ਤੇ ਕਿਸੇ ਵੀ ਸੂਰਤ ਵਿੱਚ ਵਿਚਾਰ ਨਹੀ ਕੀਤਾ ਜਾਵੇਗਾ।

5.0 ਇਨ੍ਹਾ ਵੱਲੋਂ ਭੇਜੇ ਜਾਣ ਵਾਲੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਇਨ੍ਹਾਂ ਲੈਕਚਰਾਰਾਂ ਨੂੰ ਉਪਰੋਕਤ ਕੈਟਾਗਰੀ ਵਿੱਚ ਪਹਿਲ ਦੇ ਆਧਾਰ ਤੇ ਸਟੇਸ਼ਨ ਦੇਣ ਲਈ ਵਿਚਾਰ ਕੀਤਾ ਜਾਵੇਗਾ।

6.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟਾਗਰੀ ਦੇ ਲੈਕਚਰਾਰਾਂ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀ ਬਣ ਜਾਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜ਼ੋ ਵੀ ਵਿਭਾਗ ਵੱਲੋ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

ਗੁਰਮੀਤ
30-08-2021

ਸਹਾਇਕ ਡਾਇਰੈਕਟਰ(ਸ:ਪ੍ਰ.-1)

ਮਿਤੀ 30.08.2021